File No. FD-FB-108/10/2020-4FB1

1/103295/2020

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1 ਸ਼ਾਖਾ)

ਮਿਤੀ, ਚੰਡੀਗੜ੍ਹ 12-11-2020

ਸੇਵਾ ਵਿਖੇ

i) ਸਮੂਹ ਵਿਸੇਸ਼ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ii) ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ ਸਰਕਾਰ।

iii) ਸਮੂਹ ਡਵੀਜ਼ਨਾਂ ਦੇ ਕਮਿਸ਼ਨਰ।

iv) ਰਾਜ ਦੇ ਸਮੂਹ ਕਮਿਸਨਰ, ਜਿਲ੍ਹਾ ਅਤੇ ਸੈਸਨ ਜੱਜ।

v) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

vi) ਸਕਤੱਰ, ਪੰਜਾਬ ਵਿਧਾਨ ਸਭਾ।

ਵਿਸ਼ਾ:- ਮਾਰਚ ਦੇ ਮਹੀਨੇ ਵਿੱਚ ਖਰਚ ਦੀ ਬਹੁਤਾਤ ਸਬੰਧੀ।

***

ਸ੍ਰੀਮਾਨ ਜੀ /ਸ੍ਰੀਮਤੀ ਜੀ,

ਮੈਨੂੰ ਆਪ ਦਾ ਧਿਆਨ ਪੰਜਾਬ ਬਜਟ ਮੈਨੂਅਲ ਦੇ ਪੈਰ੍ਹਾ 1.34 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ (Contingency Expenditure) ਅਚੇਤ ਖਰਚਿਆਂ ਨੂੰ ਸਾਲ ਦੌਰਾਨ ਫੇਜ਼ਬੱਧ ਕੀਤਾ ਜਾਵੇ ਅਤੇ ਮਾਰਚ ਦੇ ਮਹੀਨੇ ਦੌਰਾਨ ਇਨ੍ਹਾ ਖਰਚਿਆ ਨੂੰ ਸੀਮਤ ਕੀਤਾ ਜਾਵੇ ਤਾਂ ਜੋ ਇਹ ਇਸ ਮੰਤਵ ਲਈ ਕੁੱਲ ਬਜਟ ਉਪਬੰਧ ਦੇ 1/12 ਤੇ ਨਾ ਵਧੇ ਅਤੇ ਇਹ ਕਿ ਵਿੱਤੀ ਸਾਲ ਦੌਰਾਨ 15 ਮਾਰਚ ਤੋਂ ਬਾਅਦ ਸਮਾਨ ਦੀ ਖ੍ਰੀਦ ਭਾਵ ਫਰਨੀਚਰ ਆਦਿ, ਸਹਾਇਤਾ ਗ੍ਰਾਂਟ, ਕਰਜੇ ਆਦਿ ਦਾ ਕੋਈ ਹੁਕਮ/ਮਨਜ਼ੂਰੀ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਬਿਨ੍ਹਾਂ ਜਾਰੀ ਨਾ ਕੀਤੀ ਜਾਵੇ। ਸਮੂਹ ਨਿਗਰਾਨ ਅਤੇ ਮੁਆਇਨਾ ਅਫਸਰਾਂ ਨੂੰ ਪਾਬੰਦ ਕੀਤਾ ਜਾਂਦਾ ਹੈ ਕਿ ਆਪਣੇ ਅਧੀਨ ਦਫਤਰਾਂ ਦੇ ਦੌਰਿਆ ਅਤੇ ਮੁਆਇਨੇ ਦੌਰਾਨ ਉਹ ਅਚੇਤ ਖਰਚਿਆਂ ਦੇ ਵੇਰਵਿਆਂ ਦੀ ਪੜਤਾਲ ਜਰੂਰ ਕਰਨ ਅਤੇ ਆਪਣੀ ਤਸੱਲੀ ਕਰਨ ਕਿ ਇਨ੍ਹਾ ਹਦਾਇਤਾਂ ਦੀ ਉਲੰਘਣਾ ਨਾ ਹੋਈ ਹੋਵੇ ਅਤੇ ਇਹ ਕਿ ਟਾਲਣਯੋਗ ਮੱਦਾਂ ਤੇ ਕੋਈ ਖਰਚ ਨਾ ਕੀਤਾ ਗਿਆ ਹੋਵੇ ਅਤੇ ਜਰੂਰੀ ਮੱਦਾ ਦੇ ਸਬੰਧ ਵਿੱਚ ਕੋਈ ਫਜ਼ੂਲ ਖਰਚੀ ਨਾ ਹੋਈ ਹੋਵੇ। ਇਹ ਨਿਯਮ ਇਹ ਵੀ ਉਪਬੰਧ ਕਰਦਾ ਹੈ ਕਿ ਇਨ੍ਹਾ ਉਪਬੰਧਾ ਦੀ ਪਾਲਣਾ ਨਾ ਕਰਨ ਲਈ ਕੁਤਾਹੀਕਾਰ ਕਰਮਚਾਰੀਆ ਵਿਰੁੱਧ ਉਚਿੱਤ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇ। ਸਾਲ ਦੇ ਆਖਰੀ ਸਮੇਂ ਖਰਚ ਦੀ ਬਹੁਤਾਤ, ਇਸ ਸਮੇਂ ਦੌਰਾਨ ਰਾਜ ਦੇ ਸਾਧਨਾ ਦੀ ਸਥਿਤੀ ਵਿਗਾੜਨ ਤੋਂ ਇਲਾਵਾ ਪੰਜਾਬ ਵਿੱਤੀ ਨਿਯਮਾਂਵਲੀ, ਜਿਲਦ-1 ਵਿੱਚ ਐਲਾਨੀ ਉਚਿਤ ਵਿੱਤੀ ਮਰਿਆਦਾ ਦੇ ਵਿਰੁੱਧ ਹੈ।

ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਨੇ ਆਪਣੇ ਪੱਤਰ ਨੂੰ: TM-II/ 57/ROE/2020-21/711, ਮਿਤੀ 02.09.2020 ਰਾਹੀ ਉਨ੍ਹਾਂ ਵਿਭਾਗਾ ਦੀ ਇੱਕ ਸੂਚੀ (ਕਾਪੀ ਨੱਥੀ ਹੈ) ਭੇਜੀ ਹੈ, ਜਿਨ੍ਹਾ ਨੇ ਬਹੁਤਾ ਖਰਚ ਮਾਰਚ, 2020 ਦੌਰਾਨ ਕੀਤਾ ਹੈ, ਜੋ ਉਕਤ ਪੈਰ੍ਹੇ ਵਿੱਚ ਦਰਜ ਸਰਕਾਰੀ ਹਦਾਇਤਾਂ ਦੇ ਉਲਟ ਹੈ। ਇਸ ਲਈ ਅਜਿਹੀਆਂ ਕਾਰਵਾਈਆ ਨੂੰ ਦੁਹਰਾਏ ਜਾਣ ਤੋਂ ਬਚਣ ਲਈ ਅਤੇ ਸਾਲ ਦੌਰਾਨ ਖਰਚ ਦੀ ਬਕਾਇਦਾ ਰਵਾਨੀ ਯਕੀਨੀ ਬਣਾਉਣ ਲਈ ਵਿੱਤ ਵਿਭਾਗ ਦੁਆਰਾ ਜਾਰੀ ਕੀਤੀਆ ਹਦਾਇਤਾਂ ਵਿੱਚ ਪਹਿਲਾਂ ਹੀ ਸੁਝਾਏ ਗਏ ਇਹਤਿਹਾਤੀ ਉਪਾਅ (Precautionary measures) ਜੋ ਮੁੜ ਦਰਸਾਏ ਜਾਂਦੇ ਹਨ, ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ :-

i. ਕਿਸੇ ਵੀ ਸੂਰਤ ਵਿੱਚ ਸਮਾਨ ਦੀ ਖ੍ਰੀਦ ਭਾਵ ਫਰਨੀਚਰ ਆਦਿ, ਸਹਾਇਤਾ ਗ੍ਰਾਂਟ ਆਦਿ ਲਈ ਹੁਕਮ/ਮਨਜ਼ੂਰੀ 15 ਮਾਰਚ ਤੋਂ ਬਾਅਦ ਜਾਰੀ ਨਾ ਕੀਤੀ ਜਾਵੇ।

ii. ਅਚੇਤ ਕਾਰਜਾ ਬਾਰੇ ਖਰਚ ਸਾਰੇ ਸਾਲ ਦੌਰਾਨ ਬਿਖਰਿਆ ਹੋਣਾ ਚਾਹੀਦਾ ਹੈ ਅਤੇ ਇਹ ਮਾਰਚ ਦੇ ਮਹੀਨੇ ਸੀਮਤ ਹੋਣਾ ਚਾਹੀਦਾ ਹੈ ਤਾ ਜੋ ਇਹ ਬਜਟ ਵਿੱਚ ਕੀਤੇ ਗਏ ਕੁੱਲ ਉਪਬੰਧ ਦੇ 1/12 ਤੇ ਨਾ ਵਧੇ।

ਸੇਵਾ ਵਿਖੇ

1) ਸਕੱਤਰ ਖਰਚਾ, ਪੰਜਾਬ ਸਰਕਾਰ।

2) ਸਕੱਤਰ ਵਿੱਤ, ਪੰਜਾਬ ਸਰਕਾਰ।

2) ਵਿਸੇਸ਼ ਸਕਤੱਰ ਖਰਚਾ, ਪੰਜਾਬ ਸਰਕਾਰ।

3) ਵਿਸ਼ੇਸ ਸਕੱਤਰ ਵਿੱਤ, ਪੰਜਾਬ ਸਰਕਾਰ।

4) ਵਧੀਕ ਸਕੱਤਰ ਵਿੱਤ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ. FD-FB-108/10/2020-4FB1/ /03295 ਮਿਤੀ, ਚੰਡੀਗੜ੍ਹ 12-11-2020

ਇਸ ਦਾ ਇੱਕ ਉਤਾਰਾ ਸਮੂਹ ਉੱਪ ਸਕੱਤਰ/ ਅਧੀਨ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

1) ਸਮੂਹ ਉੱਪ ਸਕੱਤਰ ਵਿੱਤ, ਪੰਜਾਬ ਸਰਕਾਰ।

2) ਸਮੂਹ ਅਧੀਨ ਸਕੱਤਰ ਵਿੱਤ, ਪੰਜਾਬ ਸਰਕਾਰ।

ਅੰ ਵਿ.ਪੱ.ਨੰ. FD-FB-108/10/2020-4FB1/ /03295 ਮਿਤੀ, ਚੰਡੀਗੜ੍ਹ 12-11-2020

ਇਸ ਦਾ ਇੱਕ ਉਤਾਰਾ ਸੁਪਰਡੰਟ, ਸਮੂਹ ਵਿੱਤ ਖਰਚਾ ਸਾਖਾਵਾਂ ਅਤੇ ਵਿੱਤ ਬਜਟ -2 ਸ਼ਾਖਾ ਨੂੰ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਆਪਦੀ ਸ਼ਾਖਾ ਅਧੀਨ ਡੀਲ ਕੀਤੇ ਜਾ ਰਹੇ ਵਿਭਾਗ ਨਾਲ ਸਬੰਧਤ ਮੱਦ ਵਿੱਚ ਮਾਰਚ, 2020 ਦੌਰਾਨ ਕੀਤੀ ਖਰਚੇ ਦੀ ਬਹੁਤਾਤ ਦੀ ਪੜਤਾਲ ਕਰਕੇ ਸੂਚਨਾ ਤੁਰੰਤ ਇਸ ਸ਼ਾਖਾ ਨੂੰ ਭੇਜੀ ਜਾਵੇ|

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

1) ਸਮੂਹ ਸੁਪਰਡੰਟ, ਵਿੱਤ ਖਰਚਾ ਸ਼ਾਖਾਵਾ,

2) ਸੁਪਰਡੰਟ, ਵਿੱਤ ਬਜਟ-2 ਸ਼ਾਖਾ।

ਅੰ ਵਿ:ਪੱ: ਨੰ: FD-FB-108/10/2020-4FB1/ /03295 ਮਿਤੀ, ਚੰਡੀਗੜ੍ਹ 12-11-2020

ਪਿੱਠ ਅੰਕਣ ਨੰ: FD-FB108/10/2020-4FB1/ 103295 ਮਿਤੀ, ਚੰਡੀਗੜ੍ਹ 12-11-2020

ਇਸ ਦਾ ਇੱਕ ਉਤਾਰਾ ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਜਿਲਾ ਖਜ਼ਾਨਾ ਅਫਸਰਾ/ਖਜਾਨਾ ਅਫਸਰਾ ਨੂੰ ਉਪਰੋਕਤ ਹਦਾਇਤਾ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਲਈ ਆਪਣੇ ਪੱਧਰ ਤੇ ਹਦਾਇਤਾ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਹਦਾਇਤਾ ਦੀ ਪਾਲਣਾ ਹਿੱਤ ਖਜਾਨਾ ਦਫਤਰਾ ਦਾ ਅਚਨਚੇਤ ਮੁਆਇਨਾਂ ਵੀ ਕੀਤਾ ਜਾਵੇ|

ਹਰਵਿੰਦਰ ਸਿੰਘ
ਬਜਟ ਅਫਸਰ

ਪਿੱਠ ਅੰਕਣ ਨੰ: FD-FB108/10/2020-4FB1/ 103295 ਮਿਤੀ, ਚੰਡੀਗੜ੍ਹ 12-11-2020

ਇਸ ਦਾ ਇੱਕ ਉਤਾਰਾ ਸਮੂਹ ਜਿਲ੍ਹਾ ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਡਾਇਰਕੈਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਐਸ.ਏ.ਐਸ ਨਗਰ।
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ,

1. ਸਮੂਹ ਜਿਲਾ ਸਿੱਖਿਆ ਅਫਸਰ(ਸੈ.ਸਿ/ਐ.ਸਿ),ਪੰਜਾਬ।
2. ਸਮੂਹ ਸਕੂਲ ਮੁੱਖੀ,ਪੰਜਾਬ।

ਮੀਮੋ ਨੰ. DPISE-CORDOGNL/4/2021 35250-251
ਮਿਤੀ. 01-02-2021

ਵਿਸ਼ਾ:- ਮਾਰਚ ਦੇ ਮਹੀਨੇ ਵਿੱਚ ਖਰਚ ਦੀ ਬਹੁਤਾਤ ਸਬੰਧੀ।
ਹਵਾਲਾ:- ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਬਜਟ-1 ਸ਼ਾਖਾ) ਦੇ ਪੱਤਰ FD-FB-108/10/2020-4FB1/1/103295/2020 ਮਿਤੀ.12.11.2020 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਅਗਲੇਰੀ ਯੋਗ ਕਾਰਵਾਈ ਹਿਤ ਭੇਜੀ ਜਾਂਦੀ ਹੈ।

ਨੱਥੀ:ਉਕਤ ਅਨੁਸਾਰ

01.02.2021
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿਠ.ਅੰਕਣ ਨੰ.ਉਕਤ/2021 35252-255 ਮਿਤੀ. 01-02-2021

1. ਪੀ.ਏ/ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਸਮੂਹ ਅਧਿਕਾਰੀ/ਸ਼ਾਖਾ ਮੁੱਖੀ,ਦਫਤਰ ਡੀ.ਜੀ.ਐਸ.ਈ,ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁੱਖੀ,ਦਫਤਰ ਡੀ.ਪੀ.ਆਈ(ਸੈ.ਸਿ/ਐ.ਸਿ),ਪੰਜਾਬ।
4. ਸਮੂਹ ਅਧਿਕਾਰੀ/ਸ਼ਾਖਾ ਮੁੱਖੀ, ਦਫਤਰ ਡਾਇ. ਐਸ.ਸੀ.ਈ.ਆਰ.ਟੀ, ਪੰਜਾਬ।

01.02.2021
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)